**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਦੀ ਪ੍ਰਧਾਨਗੀ ਹੇਠ ਮਿਤੀ 14 ਜਨਵਰੀ 2013 ਨੂੰ ਮੰਡਲ ਸਿੱਖਿਆ ਅਫਸਰ ਅਤੇ ਜਿਲ੍ਹਾ ਸਿੱਖਿਆ ਅਫਸਰਾਂ ਨਾਲ ਹੋਈ ਮਹੀਨਾਵਾਰ ਰੀਵਿਊ ਮੀਟਿੰਗ ਦੀ ਕਾਰਵਾਈ ਸਬੰਧੀ ।**

1.0 **ਧਾਰਮਿਕ ਸਥਾਨਾਂ ਤੇ ਵੱਜਦੇ ਲਾਊਡ ਸਪੀਕਰਾਂ ਦੁਆਰਾ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਵਿਘਨ ਪਾਉਣ ਤੋਂ ਰੋਕਣ ਸਬੰਧੀ।**

ਪਿੰਡਾਂ ਤੇ ਸ਼ਹਿਰਾਂ ਵਿੱਚ ਧਾਰਮਿਕ ਸਥਾਨਾਂ 'ਤੇ ਖਾਸ ਕਰਕੇ ਸਵੇਰੇ ਅਤੇ ਸ਼ਾਮ ਸਮੇਂ ਵੱਜਦੇ ਲਾਊਡ ਸਪੀਕਰ ਵਿਦਿਆਰਥੀਆਂ ਦੀ ਪੜ੍ਹਾਈ ਤੇ ਬੁਰਾ ਪ੍ਰਭਾਵ ਪਾਉਂਦੇ ਹਨ ਅਤੇ ਵਿਦਿਆਰਥੀਆਂ ਦੀ ਇਕਾਗਰਤਾ ਨੂੰ ਭੰਗ ਕਰਦੇ ਹਨ। ਇਸ ਸਬੰਧੀ ਮੁੱਖ ਦਫਤਰ ਵੱਲੋਂ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਹੁਕਮਾਂ ਅਤੇ ਭਾਰਤ ਸਰਕਾਰ ਦੁਆਰਾ ਬਣਾਏ ਗਏ ਕਾਨੂੰਨ ਅਤੇ ਗੁਰੂਦੁਆਰਾ ਸਾਹਿਬਾਨ ਵਿੱਚ ਲਾਊਡ ਸਪੀਕਰਾਂ ਬਾਰੇ ਸਿੱਖਾਂ ਦੀ ਸਰਵ ਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਵੱਲੋ ਮਿਤੀ 23.11.2005 ਨੂੰ ਜਾਰੀ ਕੀਤੇ ਹੁਕਮਨਾਮੇ ਦੀ ਰੌਸ਼ਨੀ ਵਿੱਚ ਪੱਤਰ ਵੀ ਜਾਰੀ ਕੀਤਾ ਗਿਆ ਹੈ। ਇਸ ਸਬੰਧੀ ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਇਸ ਸਬੰਧੀ ਸਮੂਹ ਸਕੂਲ ਮੁੱਖੀਆਂ ਨੂੰ ਯੋਗ ਕਾਰਵਾਈ ਕਰਨ ਹਿੱਤ ਪ੍ਰੇਰਤ ਕਰਨ।

2.0 **ਸਕੂਲਾ ਵਿੱਚ ਪੜ੍ਹਦੇ ਵਿਦਿਆਰਥੀਆਂ ਵਿਚੋਂ ਸਰੀਰਕ ਪੱਖੋਂ ਕਮਜ਼ੋਰ ਵਿਦਿਆਰਥੀਆਂ ਦੀ ਸ਼ਨਾਖਤ ਅਤੇ ਉਹਨਾਂ ਦਾ ਉਪਚਾਰ ਕਰਨ ਸਬੰਧੀ।**

ਸਰੀਰਕ ਪੱਖੋਂ ਕਮਜੋਰ ਵਿਦਿਆਰਥੀਆਂ ਦੀ ਸ਼ਨਾਖਤ ਕਰਨ ਲਈ ਬਾਡੀ ਮਾਸ ਇੰਨਡੈਕਸ (ਬੀ.ਐਮ.ਆਈ) ਦਾ ਫਾਰਮੂਲਾ ਲਗਾਇਆ ਜਾਂਦਾ ਹੈ ਜਿਸ ਰਾਹੀ ਦੀ ਉਮਰ, ਕੱਦ ਅਤੇ ਭਾਰ ਵੇਖਦੇ ਹੋਏ ਉਸ ਦਾ ਬੀ.ਐਮ.ਆਈ ਇੰਨਡੈਕਸ ਕੱਢਿਆ ਜਾਂਦਾ ਹੈ। ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਅਜਿਹੇ ਵਿਦਿਆਰਥੀ ਜੋ ਸਰੀਰਕ ਪੱਖੋਂ ਕਮਜੋਰ ਹਨ, ਹੁਸ਼ਿਆਰਪੁਰ ਵਿੱਚ ਅਜਿਹੇ ਵਿਦਿਆਰਥੀਆਂ ਦੀ ਗਿਣਤੀ 6% ਹੈ ਅਤੇ ਇਸੇ ਤਰ੍ਹਾਂ ਸ਼ਹੀਦ ਭਗਤ ਸਿੰਘ ਨਗਰ ਤੇ ਸੰਗਰੂਰ ਵਿੱਚ ਅਜਿਹੇ ਵਿਦਿਆਰਥੀਆਂ ਦੀ ਗਿਣਤੀ 16% ਹੈ। ਇਸ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਹੈ ਕਿ ਸਕੂਲਾਂ ਵਿੱਚ ਪੜ੍ਹਦੇ ਉਹਨ੍ਹਾਂ ਬੱਚਿਆਂ ਦੀ ਖੁਰਾਕ ਵੱਲ ਖਾਸ ਧਿਆਨ ਦੇ ਕੇ ਉਨ੍ਹਾਂ ਨੂੰ ਕੁਪੋਸ਼ਨ/ਘੱਟ ਪੋਸ਼ਨ ਦੀ ਸਥਿਤੀ ਤੋਂ ਬਾਹਰ ਕੱਢਣ ਵਿੱਚ ਆਪਣਾ ਨਿਜੀ ਯੋਗਦਾਨ ਪਾਉਣ।

3.0 **ਪ੍ਰਾਇਵੇਟ ਖੇਤਰ ਦੇ ਪ੍ਰੀ-ਪ੍ਰਾਇਮਰੀ/ਪ੍ਰਾਇਮਰੀ/ਅੱਪਰ ਪ੍ਰਾਇਮਰੀ ਸਕੂਲਾਂ ਨੂੰ ਮਾਨਤਾ ਦੇਣ ਸਬੰਧੀ।**

ਸਿੱਖਿਆ ਦੇ ਅਧਿਕਾਰ ਐਕਟ 2009 ਅਨੁਸਾਰ ਜਿਹੜੇ ਪ੍ਰਾਈਵੇਟ ਸਕੂਲ ਅਜਿਹੇ ਹਨ ਜੋ ਕਿ ਮਿਤੀ 31.03.2013 ਤੱਕ ਆਰ.ਟੀ.ਈ. ਐਕਟ ਦੇ Parameter ਪੂਰੇ ਨਹੀਂ ਕਰਦੇ, ਅਜਿਹੇ ਸਕੂਲ 31.03.2013 ਤੋਂ ਬਾਅਦ ਨਹੀ ਚਲ ਸਕਦੇ। ਇਸ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਜਿਹੜੇ ਸਕੂਲਾਂ ਨੇ ਘੋਸ਼ਣਾ ਪੱਤਰ ਜਮ੍ਹਾਂ ਕਰਵਾ ਦਿਤੇ ਹਨ, ਉਹਨ੍ਹਾਂ ਸਕੂਲਾਂ ਦੀ ਹਦਾਇਤਾਂ ਮੁਤਾਬਿਕ ਵੈਰੀਫਿਕੇਸ਼ਨ ਦੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

4.0 **ਸਕੂਲਾਂ ਅੰਦਰ ਮੈਗਜ਼ੀਨ ਕੱਢਣ ਸਬੰਧੀ।**

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਕਾਫੀ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਆਪੋ-ਆਪਣਾ ਸਕੂਲ ਮੈਗਜ਼ੀਨ ਨਵੇਂ ਤੇ ਨਿਵੇਕਲੇ ਢੰਗਾਂ, ਦਰਜਨਾਂ ਪ੍ਰਕਾਰ ਦੇ ਵਿਸ਼ੇ-ਵਸਤੂਆਂ ਅਤੇ ਸਮਾਜਕ ਸਰੋਕਾਰਾਂ ਨੂੰ ਆਪਣੀ ਜੁਬਾਨ ਦੇ ਕੇ ਸ਼ਿੰਗਾਰਿਆ ਗਿਆ ਹੈ। ਇਹਨਾਂ ਮੈਗਜ਼ੀਨਾਂ ਦੀ ਇੱਕ ਝਲਕ ਹੀ ਇਹ ਹਕੀਕਤ ਉਭਾਰ ਦਿੰਦੀ ਹੈ ਕਿ ਬੱਚਿਆ ਅੰਦਰ ਛਪੀ ਹੋਈ ਪ੍ਰਤਿਭਾ, ਉਮੰਗਾਂ ਤੇ ਸਮਾਜਕ ਸਰੋਕਾਰਾਂ ਨਾਲ ਲਗਾਓ ਮੌਕਾ ਮਿਲਣ ਤੇ ਕਿਵੇਂ ਫੁੱਟ-ਫੁੱਟ ਕੇ ਸਾਕਾਰ ਹੋਣ ਲਈ ਅੰਗੜਾਈਆਂ ਲੈ ਰਿਹਾ ਹੈ।ਇਸ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਇਹ

ਮੈਗਜੀਨਾਂ ਕੱਢਣ ਦਾ ਸਿਲਸਿਲਾ ਹਰ ਛਮਾਈ ਜਾਰੀ ਰਹੇ ਤਾਂ ਜੋ ਵਿਦਿਆਰਥੀਆਂ ਦੀ ਸਭਿਆਚਾਰਕ ਪ੍ਰਤਿਭਾ ਨੂੰ ਹੁਲਾਰਾ ਮਿਲ ਸਕੇ।

**5.0 ਸਜ਼ਾ ਯਾਫਤਾ ਕਰਮਚਾਰੀਆਂ ਸੰਬੰਧੀ ਲੋੜੀਂਦੀ ਕਾਰਵਾਈ ਕਰਨ ਸੰਬੰਧੀ।**

ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਜੇਕਰ ਆਪ ਦੇ ਅਧੀਨ ਖੇਤਰ ਵਿੱਚ ਕੋਈ ਸਜਾਂ ਯਾਫਤਾ ਮੁਲਾਜ਼ਮ ਵਿਭਾਗ ਵਿੱਚ ਨੌਕਰੀ ਕਰ ਰਿਹਾ ਹੈ ਤਾਂ ਹਦਾਇਤਾਂ ਅਨੁਸਾਰ ਅਜਿਹੇ ਮੁਲਾਜਮਾਂ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਅਤੇ ਇਨ੍ਹਾਂ ਬਾਰੇ ਸੂਚਨਾਂ ਮੁੱਖ ਦਫਤਰ ਨੂੰ ਤੁਰੰਤ ਦਿੱਤੀ ਜਾਵੇ।

**6.0 Rationalization of Blocks**

ਕਈ ਜਿਲ੍ਹਿਆਂ ਵੱਲੋ ਪ੍ਰਾਪਤ ਬਲਾਕਾ ਦੀ ਰੈਸ਼ਨੇਲਾਈਜੇਸ਼ਨ ਸਬੰਧੀ ਸੂਚੀਆਂ ਵਿੱਚ ਕਈ ਤਰ੍ਹਾਂ ਦੀਆਂ ਖਾਮੀਆਂ ਪਾਇਆ ਹਨ। ਜਿਸ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ ਬਲਾਕਾਂ ਨੂੰ ਰੈਸ਼ਨੇਲਾਈਜੇਸ਼ਨ ਸਬੰਧੀ ਤਜਵੀਜ਼ ਤਿਆਰ ਕਰਨ ਵੇਲੇ ਇਹ ਧਿਆਨ ਰੱਖਣ ਕਿ ਜਿਲ੍ਹੇ ਵਿੱਚ ਬਲਾਕਾ ਦੀ ਗਿਣਤੀ ਵਿੱਚ ਫਰਕ ਨਾ ਹੋਵੇ ਅਤੇ ਹਰੇਕ ਬਲਾਕ ਅਧੀਨ ਸਕੂਲਾਂ ਦਾ ਗਿਣਤੀ ਇਕੋ ਜਿਹੀ ਹੋਵੇ ਅਤੇ ਹਰ ਬਲਾਕ ਵਿੱਚ ਸਕੂਲਾਂ ਦੀ ਗਿਣਤੀ ਵਿਚ 10% ਤੋਂ ਵੱਧ disparity ਨਾਂ ਹੋਵੇ। ਇਸ ਦੇ ਮਦੇ-ਨੰਜਰ ਤਜਵੀਜ਼ ਤਿਆਰ ਕਰਕੇ ਤੁਰੰਤ ਮੁੱਖ ਦਫਤਰ ਨੂੰ ਭੇਜੀ ਜਾਵੇ।

**7.0 ਸਕੂਲ ਜਿਥੇ ਵਿਦਿਆਰਥੀਆਂ ਦੀ ਗਿਣਤੀ 20 ਤੋਂ ਘੱਟ।**

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਜਿਹੜੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 20 ਤੋਂ ਘੱਟ ਹਨ, ਉਨ੍ਹਾਂ ਸਕੂਲਾਂ ਦੀ ਸੂਚਨਾਂ ਮੁੱਖ ਦਫਤਰ ਨੂੰ ਭੇਜਣ ਲਈ ਕਿਹਾ ਗਿਆ ਸੀ।ਇਸ ਲਈ ਸਬੰਧਤ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਜਿਹੜੇ ਪ੍ਰਾਇਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 20 ਤੋਂ ਘੱਟ ਹੈ, ਉਹਨ੍ਹਾਂ ਸਕੂਲਾਂ ਸਬੰਧੀ ਸੂਚਨਾਂ ਅਤੇ ਯੋਗ ਤਜਵੀਜ਼ ਮੁੱਖ ਦਫਤਰ ਨੂੰ ਭੇਜੀ ਜਾਵੇ।

**8.0 ਲੰਬੇ ਸਮੇਂ ਤੋਂ ਗੈਰਹਾਜਰ ਅਧਿਆਪਕਾਂ/ਕਰਮਚਾਰੀਆਂ ਸਬੰਧੀ।**

ਸਿੱਖਿਆ ਵਿਭਾਗ ਵਿੱਚ ਜਿਹੜੇ ਮੁਲਾਜਮ ਲੰਬੇ ਸਮੇਂ ਤੋਂ ਗੈਰਹਾਜਰ ਚਲ ਰਹੇ ਹਨ, ਉਨ੍ਹਾਂ ਦੀਆਂ ਸੂਚੀਆਂ ਮੁੱਖ ਦਫਤਰ ਵੱਲੋ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਪਿਛਲੀ ਮੀਟਿੰਗ ਵਿੱਚ ਮੁਹਇਆ ਕਰਵਾਈ ਗਈ ਸੀ ਅਤੇ ਕਿਹਾ ਗਿਆ ਕਿ ਉਨ੍ਹਾਂ ਦੇ ਅਧੀਨ ਕੰਮ ਕਰਦੇ ਲੰਬੇ ਸਮੇਂ ਤੋਂ ਗੈਰਹਾਜਰ ਅਧਿਆਪਕਾਂ/ਕਰਮਚਾਰੀਆਂ ਨਾਮ, ਅਹੁਦਾ, ਸਕੂਲ ਦਾ ਨਾਂਮ ਆਦਿ ਦੀ ਜਾਂਚ ਕਰਕੇ ਮੁੱਖ ਦਫ਼ਤਰ ਨੂੰ ਰਿਪੋਰਟ ਪੇਸ਼ ਕੀਤੀ ਜਾਵੇ।ਪਰ ਜਿਲ੍ਹਾ ਦਫਤਰਾਂ ਤੋਂ ਪ੍ਰਾਪਤ ਗੈਰਹਾਜਰ ਮੁਲਾਜਮਾਂ ਦੀਆਂ ਸੂਚੀਆਂ ਜਿਹੜੀਆਂ ਕਿ ਮੁੱਖ ਦਫਤਰ ਨੂੰ ਮੁਹਇਆ ਕਰਵਾਈਆਂ ਗਈਆਂ ਹਨ, ਉਹਨ੍ਹਾਂ ਵਿੱਚ ਕਾਫੀ ਖਾਮੀਆਂ ਹਨ ਜਿਵੇ ਜਿਹੜੇ ਅਧਿਆਪਕਾਂ ਦਾ ਨਾਂ ਗੈਰਹਾਜਰ ਸੂਚੀ ਵਿੱਚ ਦਰਜ ਹੈ ਜਾਂ ਤਾਂ ਉਹ ਪਹਿਲਾ ਹੀ ਸਕੂਲਾਂ ਵਿੱਚ ਕੰਮ ਕਰ ਰਹੇ ਹਨ ਜ਼ਾ ਉਹਨ੍ਹਾਂ ਵਿੱਚੋ ਕੁਝ ਰਿਟਾਇਰ ਵੀ ਹੋ ਚੁਕੇ ਹਨ। ਇਸ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ ਗੈਰਹਾਜਰ ਕਰਮਚਾਰੀਆਂ ਸਬੰਧੀ ਲੋੜੀਦੀ ਜਾਂਚ ਕਰਨ ਉਪਰੰਤ ਹੀ ਸੂਚੀਆਂ ਮੁੱਖ ਦਫਤਰ ਨੂੰ ਮੁੱਹਈਆ ਕਰਵਾਉਣ।

**9.0 ਸ਼ਿਕਾਇਤ ਨਿਵਾਰਣ ਸੈਲ (Grievance Redressal Cell) ਸਬੰਧੀ।**

ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਅਤੇ ਕਰਮਚਾਰੀਆਂ ਦੇ ਮਸਲੇ ਕਈ ਵਾਰ ਲੰਬੇ ਸਮੇਂ ਤੱਕ ਸਿੱਖਿਆ ਵਿਭਾਗ ਦੇ ਸਰਕਾਰੀ ਦਫਤਰਾਂ ਵਿੱਚ ਲੰਬਿਤ ਪਏ ਰਹਿੰਦੇ ਹਨ, ਜਿਹਨਾਂ ਨੂੰ ਹੱਲ ਕਰਵਾਉਣ ਲਈ ਇਹ ਕਰਮਚਾਰੀ ਗਾਹੇ ਬਿਗਾਹੇ ਦਫਤਰਾਂ ਦੇ ਗੇੜੇ ਮਾਰਦੇ ਰਹਿੰਦੇ ਹਨ, ਜਿਸ ਨਾਲ ਜਿਥੇ ਇਨ੍ਹਾਂ ਨੂੰ ਮਾਨਸਿਕ ਤੇ ਸਰੀਰਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾਂ ਹੈ ਉਥੇ ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਵੀ ਹੁੰਦਾ ਹੈ।ਜਿਸ ਲਈ ਮੁੱਖ ਦਫਤਰ ਵਿੱਖੇ

Grievance Redressal Cell ਸਥਾਪਿਤ ਕੀਤਾ ਗਿਆ ਸੀ, ਇਸ ਸੈਲ ਵਿੱਚ ਹੁਣ ਤੱਕ 1027 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਹਨ੍ਹਾਂ ਵਿਚੋਂ ਲਗਭਗ 500 ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾ ਚੁਕਾ ਹੈ। ਇਸ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ ਇਹਨ੍ਹਾਂ ਪ੍ਰਾਪਤ ਹੋਈਆਂ ਸ਼ਿਕਾਇਤਾ ਦਾ ਤੁਰੰਤ ਨਿਪਟਾਰਾ ਕਰਨ। ਮੀਟਿੰਗ ਵਿੱਚ ਕਿਹਾ ਗਿਆ ਕਿ ਹੁਣ ਪ੍ਰਾਇਮਰੀ ਅਧਿਆਪਕਾਂ ਤੋਂ ਵੀ ਸ਼ਿਕਾਇਤ ਪ੍ਰਾਪਤ ਕਰਨ ਸਬੰਧੀ ਸਾਫਟਵੇਅਰ ਵਿੱਚ ਪ੍ਰੋਵੀਜਿਨ ਕੀਤਾ ਜਾ ਰਿਹਾ ਹੈ।

10.0 <u>ਪ੍ਰਾਇਮਰੀ ਸਿੱਖਿਆ ਦੇ ਸੁਧਾਰ ਦਾ 'ਪ੍ਰਵੇਸ਼' ਪ੍ਰੋਗਰਾਮ ਸਬੰਧੀ।</u>

'ਪ੍ਰਵੇਸ਼' ਪ੍ਰਾਜੈਕਟ ਤਹਿਤ ਦਸੰਬਰ 2012 ਵਿਚ ਕਰਵਾਏ ਗਏ ਮਿਡ ਟੈਸਟ ਦੇ ਨਤੀਜਿਆਂ ਅਨੁਸਾਰ ਸਮੂਹ ਜ਼ਿਲ੍ਹਿਆਂ ਵਿਚ ਅਰੰਭਕ ਦਾ ਅੰਕੜਾ ਸੁਧਾਰਨ ਪੱਖੋਂ ਇਸ ਸਬੰਧ ਵਿਚ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਜਿਹੜੇ ਬੱਚੇ ਆਪਣੇ ਨਿਰਧਾਰਿਤ ਟੀਚਿਆਂ ਤੋਂ ਪਿੱਛੇ ਹਨ ਅਤੇ ਜਿਹੜੇ ਬੱਚੇ ਹਾਲੇ ਤੱਕ ਵੀ ਅਰੰਭਕ ਪੱਧਰ 'ਤੇ ਹਨ ਉਹਨਾਂ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਆਪਣੇ ਜ਼ਿਲ੍ਹੇ ਦੇ ਪ੍ਰਵੇਸ਼ ਜ਼ਿਲ੍ਹਾ ਕੋਆਰਡੀਨੇਟਰ ਨਾਲ ਮਿਲ ਕੇ ਵਿਸ਼ੇਸ਼ ਯੋਜਨਾਬੰਦੀ ਕਰਨਗੇ ਤਾਂ ਕਿ ਮਾਰਚ 2013 ਵਿਚ ਹੋਣ ਵਾਲੇ ਪੋਸਟ ਟੈਸਟ ਤੋਂ ਪਹਿਲਾਂ ਕੋਈ ਵੀ ਬੱਚਾ ਅਰੰਭਕ ਪੱਧਰ 'ਤੇ ਨਾ ਰਹੇ ਅਤੇ ਨਾਲ ਹੀ ਹਰ ਬੱਚਾ ਆਪਣਾ ਨਿਰਧਾਰਿਤ ਟੀਚਾ ਪ੍ਰਾਪਤ ਕਰ ਸਕੇ।ਇਸ ਲਈ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਪ੍ਰਵੇਸ਼ ਟੀਮ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਨਾਲ ਸਕੂਲਾਂ ਦਾ ਵਿਸ਼ੇਸ਼ ਨਿਰੀਖਣ ਕਰਨਗੇ।

11.0 <u>ਸੁਣੋ ਸੁਣਾਵਾਂ ਰੇਡੀਓ ਪ੍ਰੋਗਰਾਮ</u>

ਇਸ ਪ੍ਰੋਗਰਾਮ ਦੇ ਅੰਤਰਗਤ ਸੁਣੋ ਸੁਣਾਵਾਂ ਰੇਡੀਓ ਪ੍ਰੋਗਰਾਮ ਵੀ ਮਿਤੀ 15.01.2013 ਤੋਂ 31.01.2013 ਤੱਕ ਪਹਿਲੀ ਤੋ ਪੰਜਵੀ ਜਮਾਤ ਦੇ ਵਿਦਿਆਰਥੀਆਂ ਲਈ ਦੁਹਿਪਰ 2:30 ਵਜੇ ਤੋ 2:50 ਵਜੇ ਤੱਕ ਸ਼ੁਰੂ ਕੀਤਾ ਜਾ ਰਿਹਾ ਹੈ ।ਰੇਡੀਓ ਪ੍ਰੋਗਰਾਮ ਦੇ ਸ਼ਡਿਊਲ ਦਾ ਸਕੂਲਾਂ ਵਿਚ ਹੋਣਾ ਯਕੀਨੀ ਬਣਾਇਆ ਜਾਵੇ।ਸਕੂਲ ਪੱਧਰ 'ਤੇ ਸਮੂਹ ਸਕੂਲ ਮੁਖੀਆਂ ਨਾਲ ਗੱਲਬਾਤ ਕਰਕੇ ਸਕੂਲ ਵਿਚ ਰੇਡੀਓ ਮੌਜੂਦ ਅਤੇ ਚਾਲੂ ਹਾਲਤ ਵਿਚ ਹੋਣਾ ਯਕੀਨੀ ਬਣਾਇਆ ਜਾਵੇ।

**12.0 <u>U-DISE Survey 2012-13</u>**

U-DISE Survey ਅਧੀਨ ਪੰਜਾਬ ਰਾਜ ਦੇ ਸਮੂਹ ਸਕੂਲਾਂ ਤੋਂ ਆਂਕੜੇ ਇੱਕਤਰ ਕਰਨ ਦਾ ਕੰਮ ਸਮੂਹ ਜਿਲਿਆਂ ਵੱਲੋ ਮੁੰਕਮਲ ਕੀਤਾ ਗਿਆ ਹੈ ਪਰ ਪ੍ਰਾਪਤ ਹੋਏ ਅੰਕੜਿਆਂ ਨੂੰ ਘੋਖਣ ਉਪਰੰਤ ਅੰਕੜਿਆਂ ਵਿੱਚ ਕਈ ਪ੍ਰਕਾਰ ਦੀਆਂ ਖਾਮੀਆਂ ਪਾਈਆਂ ਗਈਆਂ ਹਨ, ਇਨ੍ਹਾਂ ਅੰਕੜਿਆਂ ਨੂੰ ਸਕੂਲਾਂ ਤੋਂ ਇਕੱਤਰ ਕਰਨ ਉਪਰੰਤ ਜਿਲ੍ਹਾਂ ਜਾਂ ਬਲਾਕ ਪੱਧਰ ਤੇ ਚੈਕ ਨਹੀ ਕੀਤਾ ਗਿਆ ਹੈ।ਇਸ ਸਬੰਧੀ ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਡਾਈਸ ਅੰਕੜਿਆਂ ਨੂੰ ਨਿਜੀ ਧਿਆਨ ਦੇ ਕੇ ਠੀਕ ਕਰਵਾਉਣ ਤਾਂ ਜੋ ਜਿਲ੍ਹੇ ਦਾ ਸਲਾਨਾ ਪਲਾਨ ਸਹੀ ਅੰਕੜਿਆਂ ਦੇ ਅਧਾਰ ਤੇ ਤਿਆਰ ਕੀਤਾ ਜਾ ਸਕੇ ਅਤੇ ਭਾਰਤ ਸਰਕਾਰ ਨੂੰ ਸਕੂਲਾਂ ਦੀ ਸਹੀ ਸਥਿਤੀ ਸਬੰਧੀ ਜਾਣੂ ਕਰਵਾਇਆ ਜਾ ਸਕੇ।

13.0 <u>**e-punjabschool.gov.in** ਵੈਬ-ਪੋਰਟਲ ਸਬੰਧੀ।</u>

epunjabschool.gov.in GIS MIS ਵੈਬ-ਪੋਰਟਲ ਤੇ ਹਾਲ ਦੀ ਘੜੀ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਸਕੂਲਾਂ ਦਾ ਡਾਟਾ ਫੀਡ ਕੀਤਾ ਗਿਆ ਹੈ।ਪਰ ਕਈ ਜਿਲ੍ਹਿਆਂ ਵੱਲੋਂ ਇਸ ਵੈਬ ਪੋਰਟਲ ਤੇ ਸਕੂਲਾਂ ਵੱਲੋਂ ਫੀਡ ਡਾਟੇ ਦੀਆਂ ਰਿਪੋਰਟਾਂ ਨੂੰ ਵੇਖਣ ਉਪਰੰਤ ਇਹ ਧਿਆਨ ਵਿੱਚ ਆਇਆ ਕਿ ਈ-ਪੰਜਾਬ ਸਕੂਲ ਵੈਬ ਪੋਰਟਲ ਤੇ ਸਕੂਲਾਂ ਦੇ ਭਰੇ ਗਏ ਡਾਟੇ ਵਿੱਚ ਕੁੱਝ ਊਣਤਾਈਆਂ ਹਨ। ਇਸ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ e-punjabschool.gov.in ਵੈਬਸਾਈਟ ਤੇ ਪਾਏ ਡਾਟੇ ਵਿੱਚ ਜੋ ਊਣਤਾਈਆਂ ਹਨ ਉਨ੍ਹਾਂ ਨੂੰ ਦੂਰ ਕਰਵਾਉਣ ਲਈ ਜਿਲ੍ਹਾ ਐਮ.ਆਈ. ਐਸ ਕੋਆਰਡੀਨੇਟਰ ਦੀ ਸਹਾਇਤਾ ਦੇ ਨਾਲ ਸਕੂਲ ਮੁੱਖੀ

ਅਤੇ ਕੰਪਿਊਟਰ ਅਧਿਆਪਕ ਦੀ ਡਿਊਟੀ ਲਗਾਉਣ ਅਤੇ ਇਹ ਵੀ ਹਦਾਇਤ ਕਰਨ ਕਿ ਜੇਕਰ ਬਾਅਦ ਵਿੱਚ ਫੀਡ ਕੀਤੇ ਡਾਟੇ ਵਿੱਚ ਕੋਈ ਉਣਤਾਈ ਪਾਈ ਜਾਂਦੀ ਹੈ ਤਾਂ ਨਰੋਲ ਜਿਮੇਵਾਰੀ ਸਕੂਲ ਮੁੱਖੀ ਅਤੇ ਸਬੰਧਤ ਕੰਪਿਊਟਰ ਅਧਿਆਪਕ ਦੀ ਨਿਸ਼ਚਿਤ ਕੀਤੀ ਜਾਵੇਗੀ।

## 14.0 ਜਿਲ੍ਹਾ ਦਫਤਰਾਂ ਵੱਲੋ ਵੈਬਸਾਈਟ/ਨੋਟਿਸ ਬੋਰਡ ਦੀ ਵਰਤੋਂ ਸਬੰਧੀ

ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਵੈਬਸਾਈਟ/ ਨੋਟਿਸ ਬੋਰਡ ਰੋਜਾਨਾ ਚੈਕ ਕਰਨ ਅਤੇ ਵੈਬਸਾਈਟ/ਨੋਟਿਸ ਬੋਰਡ ਤੇ ਪਾਏ ਗਏ ਪੱਤਰਾਂ ਸੰਬੰਧੀ ਬਣਦੀ ਫਾਲੋ ਅੱਪ ਕਾਰਵਾਈ ਕਰਨ, ਪਰ ਕਈ ਜਿਲ੍ਹਾ ਦਫਤਰਾਂ ਵੱਲੋ ਵੈਬਸਾਈਟ/ਨੋਨਿਸ ਬੋਰਡ ਨਿਯਮਿਤ ਰੂਪ ਵਿੱਚ ਚੈਕ ਨਹੀ ਕੀਤਾ ਜਾਂਦਾ ਜਿਸ ਦੇ ਸਿੱਟੇ ਵੱਜੋਂ ਜਰੂਰੀ ਮਾਮਲਿਆਂ ਦੇ ਕਾਰਵਾਈ ਪਛੜ ਜਾਂਦੀ ਹੈ।

## 15.0 Scholarships for Students belonging to Minorities Groups

ਰਾਜ ਦੇ ਸਰਕਾਰੀ ਸਕੂਲਾਂ ਵਿੱਚ ਲਗਭਗ 26.49 ਲੱਖ ਵਿਦਿਆਰਥੀ ਪੜ੍ਹ ਰਹੇ ਹਨ, ਜਿਸ ਵਿੱਚੋ ਲਗਭਗ 17 ਲੱਖ ਵਿਦਿਆਰਥੀ Minorities Groups ਨਾਲ ਸਬੰਧਤ ਹਨ। ਇਨ੍ਹਾਂ ਮਿਨੀਊਰਟੀ ਗੁਰਪ ਨਾਲ ਸਬੰਧਤ ਵਿਦਿਆਰਥੀਆਂ ਦੇ ਪ੍ਰੋਫਾਰਮੇ ਭਰਕੇ ਡਾਇਰੈਕਟੋਰਟ ਭਲਾਈ ਵਿਭਾਗ ਨੂੰ ਭੇਜਣ ਲਈ ਕਿਹਾ ਗਿਆ ਸੀ ਤਾਂ ਜੋ ਪ੍ਰਾਇਮਰੀ ਵਿਦਿਆਰਥੀਆਂ (ਪਹਿਲੀ ਤੋਂ 5ਵੀਂ ਤੱਕ) ਨੂੰ 1000/- ਰੁਪਏ ਅਤੇ ਅਪਰ ਪ੍ਰਾਇਮਰੀ ਵਿਦਿਆਰਥੀਆਂ (6ਵੀਂ ਤੋਂ 12ਵੀਂ ਤੱਕ) ਨੂੰ 5700/- ਪ੍ਰਤੀ ਸਾਲ ਸਕਾਲਰਸਿਪ ਦੇ ਤੌਰ ਦੇ ਲਾਭ ਪਹੁੰਚਾਇਆ ਜਾ ਸਕੇ।ਪਰ ਕਈ ਜਿਲ੍ਹਾ ਦਫਤਰਾਂ ਵੱਲੋ ਹਾਲੇ ਤੱਕ ਇਹ ਕੰਮ ਮੁਕੰਮਲ ਨਹੀ ਕੀਤਾ ਗਿਆ, ਜਿਸ ਸਬੰਧੀ ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਜਿਹਨ੍ਹਾਂ ਜਿਲ੍ਹਾ ਦਫਤਰਾਂ ਵੱਲੋ ਹਾਲੇ ਤੱਕ ਮਿਨੀਊਰਟੀ ਗੁਰਪ ਨਾਲ ਸਬੰਧਤ ਵਿਦਿਆਰਥੀਆਂ ਦੇ ਪ੍ਰੋਫਾਰਮੇ ਭਰਕੇ ਡਾਇਰੈਕਟੋਰਟ ਭਲਾਈ ਵਿਭਾਗ ਨੂੰ ਨਹੀ ਭੇਜੇ ਹਨ, ਉਹ ਤੁਰੰਤ ਇਹ ਕੰਮ ਆਪਣੀ ਨਿਜੀ ਦਿਲਚਸਪੀ ਲੈਕੇ ਪੂਰਾ ਕਰਵਾਉਣ।

ਉਕਤ ਫੈਸਲਿਆਂ/ਵਿਚਾਰਾਂ ਨਾਲ ਇਹ ਮੀਟਿੰਗ ਧੰਨਵਾਦ ਸਹਿਤ ਸਮਾਪਤ ਹੋਈ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ , ਚੰਡੀਗੜ੍ਹ**